# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
## ਲੋਕ ਸੰਪਰਕ ਵਿਭਾਗ

ਵੱਲ

1) ਸਾਰੇ ਜੀ.ਐਮ./ਇੰਜੀ: ਇਨ ਚੀਫ/ਮੁੱਖ ਇੰਜੀ. ਪੀ.ਐਸ.ਪੀ.ਸੀ.ਐਲ,
2) ਸਾਰੇ ਵਿਭਾਗਾਂ ਦੇ ਮੁੱਖੀ,ਪੀ.ਐਸ.ਪੀ.ਸੀ.ਐਲ
3) ਨਿਗਰਾਨ ਇੰਜੀ: ਸੀਨੀ.ਕਾ:ਕਾ: ਇੰਜੀ:/ਉਪ ਮੰਡਲ ਅਫਸਰ ,ਪੀ.ਐਸ.ਪੀ.ਸੀ.ਐਲ
4) ਸੀਨੀਅਰ ਪੀ.ਐਸ.ਟੂ ਸੀ.ਐਮ.ਡੀ ਅਤੇ ਸਾਰੇ ਡਾਇਰੈਕਟਰਜ਼ ਪੀ.ਐਸ.ਪੀ.ਸੀ.ਐਲ

ਮੀਮੋ ਨੰ:41059/42458 ਮਿਤੀ 15-12-22

ਵਿਸ਼ਾ:- ਪ੍ਰੈਸ ਨੂੰ ਸੰਬੋਧਨ ਕਰਨ ਸਬੰਧੀ

ਹਵਾਲਾ: ਇਸ ਦਫਤਰ ਦੇ ਪਹਿਲਾਂ ਜਾਰੀ ਕੀਤੇ ਮੀਮੋ ਨੰ:768/2168 ਮਿਤੀ 9.5.2018 ਦੀ ਲਗਾਤਾਰਤਾ ਵਿੱਚ

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਵਲੋਂ ਬਿਜਲੀ ਦੀ ਸਥਿਤੀ ਬਾਰੇ ਪ੍ਰੈਸ ਨੂੰ ਜਾਣਕਾਰੀ ਦੇਣ ਸਬੰਧੀ ਪੀ.ਐਸ.ਪੀ.ਸੀ.ਐਲ ਦੇ ਪ੍ਰਬੰਧਕਾਂ/ਅਧਿਕਾਰੀਆਂ ਨੂੰ ਹੇਠ ਦਿੱਤੇ ਉਹਨਾਂ ਦੇ ਆਹੁਦੇ ਅਨੁਸਾਰ ਪੀ.ਐਸ.ਪੀ.ਸੀ.ਐਲ ਦੇ ਸਪੋਕਸਮੈਨ ਵਜੋਂ ਅਧਿਕਾਰਤ ਕੀਤਾ ਜਾਂਦਾ ਹੈ:-

| | |
|---|---|
| ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ | ਚੇਅਰਮੈਨ ਸਾਹਿਬ ਹਰ ਵਿਸ਼ੇ ਤੇ ਕਿਸੇ ਵੀ ਸਮੇਂ ਪੱਤਰਕਾਰਾਂ/ਇਲੈਕਟ੍ਰੋਨਿਕ ਮੀਡੀਆ ਨਾਲ ਗੱਲਬਾਤ ਕਰਨ ਦੇ ਪੂਰਨ ਤੌਰ ਤੇ ਸਮਰੱਥ ਹਨ ਅਤੇ ਜਦੋਂ ਵੀ ਜਿਥੇ ਵੀ ਚਾਹੁਣ ਪ੍ਰੈਸ ਕਾਨਫਰੰਸ ਕਰਨ ਦੇ ਸਮਰੱਥ ਹਨ। |
| ਡਾਇਰੈਕਟਰ | ਪਟਿਆਲਾ ਤੋਂ ਬਾਹਰ ਆਪਣੇ ਫੀਲਡ ਦੇ ਦੌਰੇ ਸਮੇਂ ਆਪਣੇ ਅਧੀਨ ਪੈਂਦੇ ਕਾਰਜ ਖੇਤਰ ਸਬੰਧੀ ਜਾਣਕਾਰੀ ਦੇਣ ਲਈ ਚੇਅਰਮੈਨ ਸਾਹਿਬ ਦੀ ਸਹਿਮਤੀ ਨਾਲ ਪ੍ਰੈਸ ਕਾਨਫਰੰਸ ਕਰ ਸਕਦੇ ਹਨ ਅਤੇ ਸਮੇਂ ਸਮੇਂ ਤੇ ਚੇਅਰਮੈਨ ਸਾਹਿਬ ਤੋਂ ਬਿਜਲੀ ਸਬੰਧੀ ਜਾਣਕਾਰੀ ਦੇਣ ਸਬੰਧੀ ਸੇਧ ਲੈਣਗੇ । |
| ਜਨਰਲ ਮੈਨਜਰ/ਇੰਜੀ:-ਇਨ ਚੀਫ ਮੁੱਖ ਇੰਜੀ ਵਿਭਾਗਾਂ ਦੇ ਮੁੱਖੀ | ਪੀ.ਐਸ.ਪੀ.ਸੀ.ਐਲ. ਦੀ ਉਸਾਰੂ ਪਬਲੀਸਿਟੀ ਲਈ ਗਤੀਵਿਧੀਆਂ ਬਾਰੇ ਜਾਣਕਾਰੀ ਐਸ.ਈ.ਟੈਕ ਟੂ ਡਾਇਰੈਕਟਰ/ ਪ੍ਰਬੰਧਕੀ ਨੂੰ ਸਪਲਾਈ ਕਰਨਗੇ ਜੋ ਕਿ ਸਬੰਧਤ ਮੈਂਬਰ ਇੰਚਾਰਜ ਦੀ ਸਹਿਮਤੀ ਤੇ ਚੇਅਰਮੈਨ ਦੇ ਨਾਮ ਅਧੀਨ ਪ੍ਰੈਸ ਨੋਟ ਜਾਰੀ ਕਰਨਗੇ। ਇਸ ਤੋਂ ਇਲਾਵਾ ਆਪਣੇ ਅਧੀਨ ਪੈਂਦੇ ਖੇਤਰ ਦੀ ਪਾਵਰ ਸਪਲਾਈ ਬਰੇਕ ਡਾਊਨ ਅਤੇ ਮੁਰੰਮਤ ਦੇ ਕੰਮਾਂ ਸਬੰਧੀ ਪ੍ਰੈਸ ਨੂੰ ਜਾਣਕਾਰੀ ਦੇ ਸਕਣਗੇ। ਪੀ.ਐਸ.ਪੀ.ਸੀ.ਐਲ. ਦੀ ਪਾਲਿਸੀ ਅਤੇ ਫੈਸਲਿਆਂ ਬਾਰੇ ਪ੍ਰੈਸ ਨੂੰ ਕੁਝ ਨਹੀਂ ਦੱਸਣਗੇ। |
| ਨਿਗਰਾਨ ਇੰਜੀ ਸੀਨੀ ਕਾ ਕਾ,ਇੰਜੀ:/ਉਪ ਮੰਡਲ ਅਫਸਰ | ਆਪਣੇ ਅਧੀਨ ਪੈਂਦੇ ਇਲਾਕੇ ਦੀ ਬਿਜਲੀ ਸਪਲਾਈ ਪਾਵਰ ਕੱਟ ਬਰੇਕ ਡਾਊਨ ਅਤੇ ਮੁਰੰਮਤ ਸਬੰਧੀ ਪ੍ਰੈਸ ਨੂੰ ਜਾਣਕਾਰੀ ਦੇ ਸਕਦੇ ਹਨ |

ਉਪਰ ਦਿੱਤੇ ਕੰਮਾਂ ਤੋਂ ਇਲਾਵਾ ਪੀ.ਐਸ.ਪੀ.ਸੀ.ਐਲ ਦਾ ਹੋਰ ਕੋਈ ਵੀ ਅਧਿਕਾਰੀ ਪੀ.ਐਸ.ਪੀ.ਸੀ.ਐਲ ਦੇ ਕਿਸੇ ਵੀ ਵਿਸ਼ੇ ਤੇ ਪ੍ਰੈਸ ਨਾਲ ਗੱਲਬਾਤ ਨਹੀਂ ਕਰ ਸਕਦਾ ਅਤੇ ਨਾ ਹੀ ਪੱਤਰਕਾਰਾਂ ਨੂੰ ਜਾਣਕਾਰੀ ਦੇ ਸਕਦਾ ਹੈ। ਬਿਜਲੀ ਚੋਰਾਂ ਨੂੰ ਫੜਨ, ਵਸੂਲ ਕੀਤੇ ਜੁਰਮਾਨੇ ਅਤੇ ਹੋਰ ਉਸਾਰੂ ਕੰਮਾਂ ਲਈ ਅਧਿਕਾਰੀ ਰਿਪੋਰਟ ਲੋਕ ਸੰਪਰਕ ਵਿਭਾਗ ਨੂੰ ਭੇਜਣਗੇ ਜਿਥੇ ਸੀ.ਐਮ.ਡੀ. ਸਾਹਿਬ ਦੇ ਨਾਮ ਤੇ ਪ੍ਰੈਸ ਨੋਟ ਜਾਰੀ ਕੀਤਾ ਜਾਵੇਗਾ।ਅਜਿਹੀ ਰਿਪੋਰਟ ਕੋਈ ਵੀ ਅਧਿਕਾਰੀ ਪ੍ਰੈਸ ਨੂੰ ਜਾਰੀ ਨਹੀਂ ਕਰੇਗਾ ਅਤੇ ਨਾ ਹੀ ਇਸ ਸਬੰਧੀ ਕੋਈ ਫੋਟੋ ਛਪਵਾਏਗਾ। ਚੇਅਰਮੈਨ ਅਤੇ ਡਾਇਰੈਕਟਰ ਸਾਹਿਬਾਨ ਤੋਂ ਇਲਾਵਾ ਕੋਈ ਅਧਿਕਾਰੀ ਆਪਣੇ ਪੱਧਰ ਤੇ ਪ੍ਰੈਸ ਕਾਨਫਰੰਸ ਨਹੀਂ ਕਰ ਸਕਦਾ।

ਹੇਠਲੇ ਪੱਧਰ ਦਾ ਕੋਈ ਵੀ ਅਧਿਕਾਰੀ ਪ੍ਰੈਸ ਨੂੰ ਸੰਬੋਧਨ ਨਹੀਂ ਕਰ ਸਕਦਾ ਅਤੇ ਅਜਿਹਾ ਕਰਨ ਵਾਲੇ ਅਧਿਕਾਰੀ ਸਬੰਧੀ ਰਿਪੋਰਟ ਲੋਕ ਸੰਪਰਕ ਵਿਭਾਗ ਵਲੋਂ ਪ੍ਰਾਪਤ ਕਰਕੇ ਉਚ ਅਧਿਕਾਰੀਆਂ ਨੂੰ ਕਾਰਵਾਈ ਲਈ ਭੇਜੀ ਜਾਵੇਗੀ।

ਵਿਸ਼ੇਸ਼ ਧਿਆਨ ਹਿੱਤ : 14 ਦਸੰਬਰ 2022 ਨੂੰ ਚੰਡੀਗੜ੍ਹ ਵਿਖੇ ਇਕ ਵਿਸ਼ੇਸ਼ ਮੀਟਿੰਗ ਵਿੱਚ ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਸ੍ਰੀ ਹਰਭਜਨ ਸਿੰਘ ਈ.ਟੀ.ਓ ਨੇ ਕੁੱਝ ਇੱਕ ਅਖਬਾਰਾਂ ਵਿੱਚ ਪ੍ਰਕਾਸ਼ਿਤ ਖਬਰਾਂ ਦਾ ਬਹੁਤ ਗੰਭੀਰ ਨੋਟਿਸ ਲਿਆ ਹੈ। ਜਿਨ੍ਹਾਂ ਖਬਰਾਂ ਵਿੱਚ ਅਫਸਰਾਂ /ਕਰਮਚਾਰੀਆਂ ਵੱਲੋਂ ਬਹੁਤ ਹੀ ਗੈਰ ਜਿੰਮੇਵਾਰੀ ਨਾਲ ਪ੍ਰੈਸ ਨੂੰ ਸੰਬੋਧਨ ਕਰਦਿਆਂ ਅਜਿਹੀ ਬਿਆਨਬਾਜੀ ਤੇ ਸ਼ਬਦਾਂਵਲੀ ਦੀ ਵਰਤੋਂ ਕੀਤੀ ਗਈ ,ਜਿਸ ਨਾਲ ਪੰਜਾਬ ਸਰਕਾਰ ਅਤੇ ਪੀ.ਐਸ.ਪੀ.ਸੀ.ਐਲ ਦਾ ਅਕਸ਼ ਖਰਾਬ ਹੋਇਆ ਹੈ। ਬਿਜਲੀ ਮੰਤਰੀ ਵੱਲੋਂ ਨਿਰਦੇਸ਼ ਦਿੱਤੇ ਗਏ ਹਨ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਸਮੂਹ ਮੁੱਖ ਇੰਜੀਨੀਅਰਜ਼/ਸਾਰੇ ਵਿਭਾਗਾਂ ਦੇ ਮੁੱਖੀ ਆਪਣੇ ਪੱਧਰ ਤੇ ਵੀ ਇਸ ਮਾਮਲੇ ਤੇ ਵਿਸ਼ੇਸ਼ ਧਿਆਨ ਦੇਣਗੇ ।ਇਸ ਤੋਂ ਇਲਾਵਾ ਲੋਕ ਸੰਪਰਕ ਵਿਭਾਗ ਵੱਲੋਂ ਹਰ 15 ਦਿਨਾਂ ਬਾਅਦ ਭੇਜੀਆਂ ਜਾਣ ਵਾਲੀਆਂ ਖਬਰਾਂ ਦੀ ਨਜ਼ਰਸਾਨੀ ਕੀਤੀ ਜਾਵੇਗੀ ਅਤੇ ਜਿਨ੍ਹਾਂ ਪ੍ਰਕਾਸ਼ਿਤ ਖਬਰਾਂ ਨਾਲ ਪੰਜਾਬ ਸਰਕਾਰ ਅਤੇ ਪੀ.ਐਸ.ਪੀ.ਸੀ.ਐਲ ਦੇ ਅਕਸ਼ ਨੂੰ ਠੇਸ ਲੱਗਦੀ ਹੋਵੇਗੀ, ਵਿੱਚ ਦੋਸ਼ੀ ਪਾਏ ਜਾਣ ਵਾਲੇ ਅਫਸਰ/ਕਰਮਚਾਰੀਆਂ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

ਇਹ ਡਾਇਰੈਕਟਰ ਪ੍ਰਬੰਧਕੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਹਰਪ੍ਰੀਤ ਸਿੰਘ ... 15/12/22

ਉਪ ਸਕੱਤਰ/ਪੀ.ਆਰ,
ਪੀ.ਐਸ.ਪੀ.ਸੀ.ਐਲ,ਪਟਿਆਲਾ

## ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
### ਲੋਕ ਸੰਪਰਕ ਵਿਭਾਗ

ਵੱਲ

1) ਸਾਰੇ ਜੀ.ਐਮ/ਇੰਜੀ:ਇਨ ਚੀਫ/ਮੁੱਖ ਇੰਜੀ.ਐਸ.ਪੀ.ਸੀ.ਐਲ,
2) ਸਾਰੇ ਵਿਭਾਗਾਂ ਦੇ ਮੁੱਖੀ,ਪੀ.ਐਸ.ਪੀ.ਸੀ.ਐਲ
3) ਨਿਗਰਾਨ ਇੰਜੀ:/ਸੀਨੀ:ਕਾ:ਕਾ: ਇੰਜੀ:/ਉਪ ਮੰਡਲ ਅਫਸਰ
4) ਲੋਕ ਸੰਪਰਕ ਅਫਸਰ/ਸਮੂਹ ਸੂਚਨਾ ਅਫਸਰ,ਪੀ.ਐਸ.ਪੀ.ਸੀ.ਐਲ

ਮੀਮੋ ਨੰ: 768/2168 ਮਿਤੀ:9.5.18

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਵਲੋਂ ਬਿਜਲੀ ਦੀ ਸਥਿਤੀ ਬਾਰੇ ਪ੍ਰੈਸ ਨੂੰ ਜਾਣਕਾਰੀ ਦੇਣ ਸਬੰਧੀ ਪੀ.ਐਸ.ਪੀ.ਸੀ.ਐਲ ਦੇ ਪ੍ਰਬੰਧਕਾਂ/ਅਧਿਕਾਰੀਆਂ ਨੂੰ ਹੇਠ ਦਿੱਤੇ ਉਹਨਾਂ ਦੇ ਆਹੁਦੇ ਅਨੁਸਾਰ ਪੀ.ਐਸ.ਪੀ.ਸੀ.ਐਲ ਦੇ ਸਪੋਕਸਮੈਨ ਵਜੋਂ ਅਧਿਕਾਰਤ ਕੀਤਾ ਜਾਂਦਾ ਹੈ:

| | |
|---|---|
| ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ | ਚੇਅਰਮੈਨ ਸਾਹਿਬ ਹਰ ਵਿਸ਼ੇ ਤੇ ਕਿਸੇ ਵੀ ਸਮੇਂ ਪੱਤਰਕਾਰਾਂ/ਇਲੈਕਟ੍ਰੋਨਿਕ ਮੀਡੀਆ ਨਾਲ ਗੱਲਬਾਤ ਕਰਨ ਦੇ ਪੂਰਨ ਤੌਰ ਤੇ ਸਮਰੱਥ ਹਨ ਅਤੇ ਜਦੋਂ ਵੀ ਜਿਥੇ ਵੀ ਚਾਹੁਣ ਪ੍ਰੈਸ ਕਾਨਫਰੰਸ ਕਰਨ ਦੇ ਸਮਰੱਥ ਹਨ। |
| ਡਾਇਰੈਕਟਰ | ਪਟਿਆਲਾ ਤੋਂ ਬਾਹਰ ਆਪਣੇ ਫੀਲਡ ਦੇ ਦੌਰੇ ਸਮੇਂ ਆਪਣੇ ਅਧੀਨ ਪੈਂਦੇ ਕਾਰਜ ਖੇਤਰ ਸਬੰਧੀ ਜਾਣਕਾਰੀ ਦੇਣ ਲਈ ਚੇਅਰਮੈਨ ਸਾਹਿਬ ਦੀ ਸਹਿਮਤੀ ਨਾਲ ਪ੍ਰੈਸ ਕਾਨਫਰੰਸ ਕਰ ਸਕਦੇ ਹਨ ਅਤੇ ਸਮੇਂ ਸਮੇਂ ਤੇ ਚੇਅਰਮੈਨ ਸਾਹਿਬ ਤੋਂ ਬਿਜਲੀ ਸਬੰਧੀ ਜਾਣਕਾਰੀ ਦੇਣ ਸਬੰਧੀ ਸੇਧ ਲੈਣਗੇ। |
| ਜਨਰਲ ਮੈਨੇਜਰ/ਇੰਜੀ:-ਇਨ ਚੀਫ/ਮੁੱਖ ਇੰਜੀ:ਵਿਭਾਗਾਂ ਦੇ ਮੁੱਖੀ | ਪੀ.ਐਸ.ਪੀ.ਸੀ.ਐਲ ਦੀ ਉਸਾਰੂ ਪਬਲੀਸਿਟੀ ਲਈ ਗਤੀਵਿਧੀਆਂ ਬਾਰੇ ਜਾਣਕਾਰੀ ਐਸ.ਈ.ਟੈਕ ਟੂ ਡਾਇਰੈਕਟਰ/ਪ੍ਰਬੰਧਕੀ ਨੂੰ ਸਪਲਾਈ ਕਰਨਗੇ ਜੋ ਕਿ ਸਬੰਧਤ ਮੈਂਬਰ ਇੰਚਾਰਜ ਦੀ ਸਹਿਮਤੀ ਤੇ ਚੇਅਰਮੈਨ ਦੇ ਨਾਮ ਅਧੀਨ ਪ੍ਰੈਸ ਨੋਟ ਜਾਰੀ ਕਰਨਗੇ। ਇਸ ਤੋਂ ਇਲਾਵਾ ਆਪਣੇ ਅਧੀਨ ਪੈਂਦੇ ਖੇਤਰ ਦੀ ਪਾਵਰ ਸਪਲਾਈ ਬਰੇਕ ਡਾਊਨ ਅਤੇ ਮੁਰੰਮਤ ਦੇ ਕੰਮਾਂ ਸਬੰਧੀ ਪ੍ਰੈਸ ਨੂੰ ਜਾਣਕਾਰੀ ਦੇ ਸਕਣਗੇ। ਪੀ.ਐਸ.ਪੀ.ਸੀ.ਐਲ ਦੀ ਪਾਲਿਸੀ ਅਤੇ ਫੈਸਲਿਆਂ ਬਾਰੇ ਪ੍ਰੈਸ ਨੂੰ ਕੁਝ ਨਹੀਂ ਦੱਸਣਗੇ। |
| ਨਿਗਰਾਨ ਇੰਜੀ:/ਸੀਨੀ:ਕਾ:ਕਾ:ਇੰਜੀ:/ਉਪ ਮੰਡਲ ਅਫਸਰ | ਆਪਣੇ ਅਧੀਨ ਪੈਂਦੇ ਇਲਾਕੇ ਦੀ ਬਿਜਲੀ ਸਪਲਾਈ ਪਾਵਰ ਕੱਟ ਬਰੇਕ ਡਾਊਨ ਅਤੇ ਮੁਰੰਮਤ ਸਬੰਧੀ ਪ੍ਰੈਸ ਨੂੰ ਜਾਣਕਾਰੀ ਦੇ ਸਕਦੇ ਹਨ |

ਉਪਰ ਦਿੱਤੇ ਕੰਮਾਂ ਤੋਂ ਇਲਾਵਾ ਪੀ.ਐਸ.ਪੀ.ਸੀ.ਐਲ ਦਾ ਹੋਰ ਕੋਈ ਵੀ ਅਧਿਕਾਰੀ ਪੀ.ਐਸ.ਪੀ.ਸੀ.ਐਲ ਕਿਸੇ ਵੀ ਵਿਸ਼ੇ ਤੇ ਪ੍ਰੈਸ ਨਾਲ ਗੱਲਬਾਤ ਨਹੀਂ ਕਰ ਸਕਦਾ ਅਤੇ ਨਾ ਹੀ ਪੱਤਰਕਾਰਾਂ ਨੂੰ ਜਾਣਕਾਰੀ ਦੇ ਸਕਦਾ ਹੈ। ਬਿਜਲੀ ਚੋਰਾਂ ਨੂੰ ਪਕੜਨ, ਵਸੂਲ ਕੀਤੇ ਜੁਰਮਾਨੇ ਅਤੇ ਹੋਰ ਉਸਾਰੂ ਕੰਮਾਂ ਲਈ ਅਧਿਕਾਰੀ ਰਿਪੋਰਟ ਲੋਕ ਸੰਪਰਕ ਵਿਭਾਗ ਨੂੰ ਭੇਜਣਗੇ ਜਿਥੇ ਸੀ.ਐਮ.ਡੀ. ਸਾਹਿਬ ਦੇ ਨਾਮ ਤੇ ਪ੍ਰੈਸ ਨੋਟ ਜਾਰੀ ਕੀਤਾ ਜਾਵੇਗਾ।ਅਜਿਹੀ ਰਿਪੋਰਟ ਕੋਈ ਵੀ ਅਧਿਕਾਰੀ ਪ੍ਰੈ ਨੂੰ ਜਾਰੀ ਨਹੀਂ ਕਰੇਗਾ ਅਤੇ ਨਾ ਹੀ ਇਸ ਸਬੰਧੀ ਕੋਈ ਫੋਟੋ ਛਪਵਾਏਗਾ। ਚੇਅਰਮੈਨ ਅਤੇ ਡਾਇਰੈਕਟਰ ਸਾਹਿਬਾਨ ਤੋਂ ਇਲਾਵਾ ਕੋਈ ਅਧਿਕਾਰੀ ਆਪਣੇ ਪੱਧਰ ਤੇ ਪ੍ਰੈਸ ਕਾਨਫਰੰਸ ਨਹੀਂ ਕਰ ਸਕਦਾ।

ਹੇਠਲੇ ਪੱਧਰ ਦਾ ਕੋਈ ਵੀ ਅਧਿਕਾਰੀ ਪ੍ਰੈਸ ਨੂੰ ਸੰਬੋਧਨ ਨਹੀਂ ਕਰ ਸਕਦਾ ਅਤੇ ਅਜਿਹਾ ਕਰਨ ਵਾਲੇ ਅਧਿਕਾਰੀ ਸਬੰਧੀ ਰਿਪੋਰਟ ਲੋਕ ਸੰਪਰਕ ਵਿਭਾਗ ਵਲੋਂ ਪ੍ਰਾਪਤ ਕਰਕੇ ਉਚ ਅਧਿਕਾਰੀਆਂ ਨੂੰ ਕਾਰਵਾਈ ਲਈ ਭੇਜੀ ਜਾਵੇਗੀ।

ਇਹ ਡਾਇਰੈਕਟਰ/ਪ੍ਰਬੰਧਕੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਸਕੱਤਰ/ਪੀ.ਆਰ,
ਪੀ.ਐਸ.ਪੀ.ਸੀ.ਐਲ,ਪਟਿਆਲਾ।